# ਸਬਦੁ
## ਭਾਗ - 2

ਪਿਛਲੇ ਲੇਖ ਵਿਚ ਦੱਸਿਆ ਜਾ ਚੁਕਾ ਹੈ, ਕਿ 'ਤੱਤ ਸਬਦ' ਨਿਰੰਕਾਰ ਵਿਚੋਂ ਉਪਜਿਆ ਅਤੇ ਇਸ ਵਿਚ ਪ੍ਰਭੂ ਦੇ ਸਾਰੇ ਆਤਮਿਕ ਗੁਣ ਮੌਜੂਦ ਹਨ। ਇਸੇ 'ਤੱਤ ਸਬਦ' ਤੋਂ ਸੂਖਮ ਤੇ ਸਥੂਲ ਸੰਸਾਰ ਉਪਜਦਾ, ਪਲਦਾ ਤੇ ਇਸੇ ਵਿਚ ਸਮਾਉਂਦਾ ਹੈ।

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥ (pMn;-117)

ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥ (pMn;-1334)

ਦੂਜੇ ਲਫ਼ਜ਼ਾਂ ਵਿਚ 'ਤੱਤ ਸਬਦ' ਦੇ ਦੋ ਮੁੱਖ ਸਰੂਪ ਹਨ —

1. ਸੂਖਮ 'ਦੈਵੀ ਸਰੂਪ' — ਸਾਰੇ ਦੈਵੀ ਗੁਣ ਤੇ ਵਲਵਲੇ, ਜਿਹਾ ਕਿ —

ਪਿਆਰ
ਸ਼ਰਧਾ
ਦਯਾ
ਬਿਸਮਾਦ
ਭੈ-ਭਾਵਨੀ
ਆਤਮਿਕ ਸ਼ਕਤੀ

ਆਦਿ, ਸਭ ਇਸ ਦੇ ਸਰੂਪ ਵਿਚ ਪ੍ਰਵੇਸ਼ ਹਨ।

2. ਸਥੂਲ ਰੂਪ ਜਾਂ 'ਕੁਦਰਤ' — ਦ੍ਰਿਸ਼ਟਮਾਨ ਜਾਂ ਮਨ, ਬੁੱਧੀ ਤੇ ਪੰਜ ਗਿਆਨ ਇੰਦਰੀਆਂ ਨਾਲ ਪ੍ਰਤੀਤ ਹੋਣ ਵਾਲਾ ਸੰਸਾਰ।

ਪਹਿਲਾ 'ਦੈਵੀ' ਸਰੂਪ —

ਰੂਪ
ਰੰਗ
ਰੇਖ
ਭੇਖ
ਚਕ੍ਰ

ਚਿਹਨ
ਮਨ
ਚਿਤ
ਬੁੱਧੀ
ਸੁਗੰਧ
ਅੱਖਰ
ਆਵਾਜ਼
ਦੇਸ਼
ਕਾਲ, ਆਦਿ

ਤੋਂ ਪਰ੍ਹੇ ਹੈ ਅਤੇ ਇਸ ਵਿਚ ਨਿਰੰਕਾਰ ਦੇ ਸਾਰੇ ਸੂਖਮ ਗੁਣ ਮੌਜੂਦ ਹਨ। ਪਰ, ਇਹ 'ਸੂਖਮ ਤਤ ਸਬਦ' ਬਖਸ਼ੇ ਹੋਏ ਗੁਰਮੁਖ ਪਿਆਰਿਆਂ ਨੂੰ ਸਬਦ-ਸੁਰਤਿ ਦੀ ਕਮਾਈ ਕਰਕੇ, ਗੁਰਪ੍ਰਸਾਦਿ ਦੁਆਰਾ, ਅਨੁਭਵ ਵਿਚ ਹੀ ਪ੍ਰਕਾਸ਼ਤ ਹੁੰਦਾ ਹੈ।

ਦੂਸਰਾ ਸਥੂਲ ਰੂਪ — ਰੂਪ, ਰੰਗ, ਰੇਖ, ਚਕ੍ਰ, ਚਿਹਨ, ਮਨ, ਚਿਤ, ਬੁੱਧੀ, ਸੁਗੰਧ, ਅਖਰ, ਬੋਲੀ, ਦੇਸ਼, ਕਾਲ ਦੀ ਪਕੜ ਵਿਚ ਹੈ ਅਤੇ ਪੰਜਾਂ ਗਿਆਨ ਇੰਦਰੀਆਂ ਦਾ ਵਿਸ਼ਾ ਹੈ। ਸਾਰੀ ਕੁਦਰਤ ਜਿਹਾ ਕਿ — ਸੂਰਜ, ਤਾਰੇ, ਹਵਾ, ਪਾਣੀ, ਅੱਗ, ਜੀਵ, ਜੰਤੂ, ਨਦੀਆਂ, ਨਾਲੇ, ਪਹਾੜ, ਬਨਸਪਤੀ ਆਦਿ, ਸਭ ਇਸੇ ਸਰੂਪ ਦੇ ਪ੍ਰਗਟਾਵੇ ਹਨ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (pMn;-464)

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥ (pMn;-469)

ਉਪਰਲੇ ਗੁਰਬਾਣੀ ਦੇ ਪ੍ਰਮਾਣਾਂ ਅਨੁਸਾਰ ਦੀਸਣਹਾਰ ਕੁਦਰਤ ਦੀ ਅਮਿਤ ਤੇ ਮੁਕੰਮਲ —

ਸੁੰਦਰਤਾ
ਅਨੇਕਤਾ
ਬਹੁਰੰਗਤਾ
ਵਿਸ਼ਾਲਤਾ
ਵਿਉਂਤਬੰਦੀ
ਉਪਯੋਗਤਾ

ਆਦਿ, ਹਮੇਸ਼ਾ ਮਨੁਖੀ ਸੁਰਤ ਜਾਂ ਦਿਮਾਗ ਨੂੰ ਪ੍ਰਭਾਵਿਤ ਕਰਕੇ, ਇਸ ਦੇ ਅਦ੍ਰਿਸ਼ਟ ਰਚਨਹਾਰ 'ਪ੍ਰਭੂ' ਵਲ, ਖਿੱਚ ਪਾਉਣ ਦਾ ਕਾਰਨ ਬਣਦੀ ਰਹੀ ਹੈ।

ਕਵੀਆਂ, ਚਿਤ੍ਰਕਾਰਾਂ ਅਤੇ ਹੋਰ ਅਨੇਕਾਂ ਕਲਾਕਾਰਾਂ ਲਈ, ਕੁਦਰਤ ਅਥਵਾ 'ਅਸਥੂਲ ਸਬਦ' ਹਮੇਸ਼ਾ ਇਕ ਅਮੁਕ ਪ੍ਰੇਰਨਾ ਦਾ ਸਾਧਨ ਬਣਿਆ ਰਿਹਾ ਹੈ।

ਪਰ, ਏਥੇ ਇਕ ਨੁਕਤਾ ਇਹ ਹੈ ਕਿ 'ਤਤ ਸਬਦ' ਦੇ ਸੂਖਮ ਅਤੇ ਸਥੂਲ ਸਰੂਪ ਨੂੰ ਕੋਈ ਵਿਰਲਾ ਸੰਤ, ਭਗਤ ਜਾਂ ਬਖਸ਼ਿਆ ਹੋਇਆ ਗੁਰਮੁਖ ਹੀ ਅਨੁਭਵ ਦੁਆਰਾ ਬੁੱਝਣ, ਮਾਣਨ ਤੇ ਪ੍ਰਗਟਾਉਣ ਦੀ ਸਮਰਥਾ ਰਖਦਾ ਹੈ।

ਇਸ ਸੂਖਮ ਵਿਚਾਰ ਨੂੰ ਸਮਝਣ ਲਈ ਹੇਠ ਲਿਖਿਆ ਉਦਾਹਰਣ ਸਹਾਇਕ ਹੋਵੇਗਾ।

ਸੂਰਜ ਵਿਚੋਂ ਕਿਰਨਾਂ ਉਪਜਦੀਆਂ ਹਨ ਅਤੇ ਇਹਨਾਂ ਕਿਰਨਾਂ ਵਿਚ ਸੂਰਜ ਦੇ ਸਾਰੇ ਗੁਣ ਮੌਜੂਦ ਹੁੰਦੇ ਹਨ। ਇਸ 'ਧੁੱਪ' ਜਾਂ ਕਿਰਨਾਂ ਦੇ ਦੋ ਮੁਖ ਸਰੂਪ ਹਨ —

1. ਅਦ੍ਰਿਸ਼ਟ ਸੂਖਮ ਸਰੂਪ — ਜਿਸ ਵਿਚ ਸੱਤ (seven) ਰੰਗ ਅਤੇ ਜੀਵਨ-ਰੌ ਹੈ।

2. ਸਥੂਲ ਸਰੂਪ — ਪੰਜ ਗਿਆਨ ਇੰਦ੍ਰੀਆਂ ਦੁਆਰਾ ਅਨੁਭਵ ਹੋਣ ਵਾਲਾ ਸਰੂਪ, ਜਿਹਾ ਕਿ — ਗਰਮੀ, ਪ੍ਰਕਾਸ਼ ਆਦਿ।

'ਸੂਖਮ ਸਰੂਪ' ਨੂੰ ਸਾਡੀਆਂ ਇਹ ਅੱਖਾਂ ਨਹੀਂ ਦੇਖ ਸਕਦੀਆਂ, ਕਿਉਂਕਿ ਇਹ ਸਾਰੇ ਰੰਗ ਅਤੇ ਜੀਵਨ-ਰੌ ਸੂਰਜ ਦੀਆਂ 'ਅਦ੍ਰਿਸ਼ਟ' ਕਿਰਨਾਂ ਵਿਚ ਛੁਪੇ ਹੋਏ ਹਨ। ਇਸ ਸਰੂਪ ਨੂੰ ਪ੍ਰਗਟ ਕਰਨ ਲਈ ਸਹੀ 'ਜੁਗਤੀ' ਅਤੇ 'ਪ੍ਰਿਜ਼ਮ' (prism) ਇਕ ਤਰ੍ਹਾਂ ਦਾ ਤਿਕੋਨੀ ਸ਼ੀਸ਼ਾ, ਜਿਸ ਵਿਚ ਸੂਰਜ ਦੀਆਂ ਕਿਰਨਾਂ ਕਈ ਰੰਗਾਂ ਵਿਚ ਬਦਲ ਜਾਂਦੀਆਂ ਹਨ, ਦੀ ਲੋੜ ਹੈ। ਤਾਂ ਤੇ ਜਦੋਂ ਸੂਰਜ ਦੀਆਂ ਕਿਰਨਾਂ ਪ੍ਰਿਜ਼ਮ (prism) ਵਿਚੋਂ ਲੰਘਦੀਆਂ ਹਨ, ਤਾਂ ਸੱਤੇ-ਰੰਗ ਪ੍ਰਤੱਖ ਹੋ ਜਾਂਦੇ ਹਨ। ਇਹਨਾਂ ਸਤ-ਰੰਗੀ ਕਿਰਨਾਂ ਵਿਚ ਪ੍ਰਕਾਸ਼, ਨਿੱਘ ਤੇ ਜੀਵਨ-ਰੌ ਵੀ ਮੌਜੂਦ ਹੁੰਦੀ ਹੈ।

ਜਿਵੇਂ ਅਸੀਂ ਸੂਰਜ ਦੀਆਂ ਅਦ੍ਰਿਸ਼ਟ ਤੇ ਸੂਖਮ ਕਿਰਨਾਂ ਵਿਚੋਂ ਨਿਕਲੇ ਅਨੇਕਾਂ ਰੰਗਾਂ ਨੂੰ —

ਲਾਲ – ਰੋਸ਼ਨੀ
ਪੀਲੀ – ਰੋਸ਼ਨੀ
ਹਰੀ – ਰੋਸ਼ਨੀ
ਨੀਲੀ – ਰੋਸ਼ਨੀ
ਜਾਮਨੀ – ਰੋਸ਼ਨੀ
ਸੰਤਰੀ – ਰੋਸ਼ਨੀ
ਬਿਨਫ਼ਸ਼ੀ – ਰੋਸ਼ਨੀ

ਆਦਿ, ਦੇ ਨਾਮ ਦੇ ਦਿੰਦੇ ਹਾਂ।

ਐਨ ਇਸੇ ਤਰ੍ਹਾਂ ਅਦ੍ਰਿਸ਼ਟ ਤੇ ਸੂਖਮ 'ਤੱਤ-ਸਬਦ' ਤੋਂ ਉਤਪਤ ਅਨੇਕਾਂ ਪ੍ਰਗਟ ਅਤੇ ਪਰਵਿਰਤ 'ਗੁਣਾਂ' ਨੂੰ ਗੁਰਬਾਣੀ ਵਿਚ —

'ਸਾਹਿਬ'-ਸਬਦ
'ਗੁਰ'-ਸਬਦ
'ਵਿਆਪਕ'-ਸਬਦ
'ਦਾਤਾ'-ਸਬਦ
'ਭਤਾਰ'-ਸਬਦ
'ਸਚ'-ਸਬਦ
'ਅਪਾਰ'-ਸਬਦ
'ਏਕ' -ਸਬਦ
'ਅਲਖ'-ਸਬਦ
'ਪੂਰਾ'-ਸਬਦ
'ਬੋਹਿਥ'-ਸਬਦ
'ਖੇਵਟ'-ਸਬਦ
'ਅੰਕਸ'-ਸਬਦ
'ਅਨਹਦ' -ਸਬਦ
'ਨਿਰਮਲ'-ਸਬਦ
'ਨੀਸਾਣ'-ਸਬਦ
'ਲੰਗਰ'-ਸਬਦ
'ਮੀਠਾ'-ਸਬਦ
'ਸੀਤਲ'-ਸਬਦ
'ਮਹਾਰਸ'-ਸਬਦ
'ਰਤਨ'-ਸਬਦ
'ਅਉਖਦ'-ਸਬਦ
'ਅੰਮ੍ਰਿਤ'-ਸਬਦ
'ਨਾਮ'-ਸਬਦ

ਆਦਿ, ਨਾਵਾਂ ਨਾਲ ਦਰਸਾਇਆ ਗਿਆ ਹੈ।

'ਸਬਦ' ਦੇ ਇਹ ਅਨੇਕ ਗੁਪਤ ਆਤਮਿਕ ਗੁਣ ਯਾ ਪੱਖ ਭੀ, ਕਿਸੇ 'ਜੀਵਨ-ਰੂਪੀ-ਪ੍ਰਿਜ਼ਮ (prism) ਅਥਵਾ ਬਖਸ਼ੇ ਹੋਏ ਮਹਾਂਪੁਰਖਾਂ ਦੇ ਪ੍ਰਕਾਸ਼ ਮਈ 'ਆਤਮਿਕ-ਜੀਵਨ' ਰਾਂਹੀਂ ਪ੍ਰਕਾਸ਼ਤ ਅਤੇ ਪ੍ਰਗਟ ਹੁੰਦੇ ਹਨ।

ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ, ਇਕ ਉਦਾਹਰਣ ਦਿਤਾ ਜਾਂਦਾ ਹੈ —

ਬਿਜਲੀ ਦਾ ਕਰੰਟ (electric current) ਸਾਡੇ ਘਰਾਂ, ਸ਼ਹਿਰਾਂ, ਕਾਰਖਾਨਿਆਂ ਆਦਿ ਵਿਚ ਗੁਪਤ ਤੌਰ ਤੇ ਪ੍ਰਵਿਰਤ ਹੋ ਰਿਹਾ ਹੈ। 'ਕਰੰਟ' ਦੀ 'ਹੋਂਦ' ਦਾ ਉਦੋਂ ਪਤਾ ਲਗਦਾ ਹੈ, ਜਦ ਕਿਸੇ 'ਬਲਬ' (bulb) ਦੇ ਰਾਹੀਂ ਇਸ ਦਾ ਪ੍ਰਗਟਾਵਾ ਹੁੰਦਾ ਹੈ। ਦੂਜੇ ਲਫ਼ਜ਼ਾਂ

ਵਿਚ 'ਬਿਜਲੀ ਦੇ ਕਰੰਟ' ਦੇ ਪ੍ਰਕਾਸ਼ਤ ਯਾ ਪ੍ਰਗਟਾਵੇ ਲਈ ਖਾਸ ਸਾਧਨ ਹੁੰਦੇ ਹਨ, ਜਿਨ੍ਹਾਂ ਰਾਹੀਂ 'ਕਰੰਟ' ਪ੍ਰਕਾਸ਼ਿਤ ਅਤੇ ਪ੍ਰਵਿਰਤ ਹੋ ਕੇ, ਸਾਡੇ ਕੰਮ ਸਵਾਰਦਾ ਹੈ।

ਐਨ ਇਸੇ ਤਰ੍ਹਾਂ 'ਤੱਤ-ਸਬਦ', 'ਜੀਵਨ-ਰੌਂ' ਜਾਂ 'ਨਾਮ' ਗੁਪਤ ਤੌਰ ਤੇ 'ਸਰਬ-ਰਹਿਆ-ਭਰਪੂਰ' ਹੈ। ਪਰ, ਕਿਸੇ ਬਖਸ਼ੇ ਹੋਏ ਗੁਰਮੁਖ ਪਿਆਰੇ ਮਹਾਂਪੁਰਖ ਦੀ 'ਸ਼ਖਸੀਅਤ' (personality) ਰਾਹੀਂ ਪ੍ਰਕਾਸ਼ਤ ਹੁੰਦਾ ਹੈ ਅਤੇ ਆਤਮਿਕ ਜਲਵੇ ਦਾ ਕ੍ਰਿਸ਼ਮਾ ਨਜ਼ਰ ਆਉਂਦਾ ਹੈ।

ਜਨ ਨਾਨਕ ਗੁਰਮੁਖਿ ਪਰਗਟੁ ਹੋਇ॥ (pMn;-11)

ਤੂੰ ਸਭਨਾ ਮਾਹਿ ਸਮਾਇਆ॥
ਤਿਨਿ ਕਰਤੈ ਆਪੁ ਲੁਕਾਇਆ॥
ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ॥ (pM-72)

ਪਿਛੇ ਦਸਿਆ ਜਾ ਚੁਕਾ ਹੈ ਕਿ, 'ਸੂਰਜ' ਦੇ ਸਾਰੇ ਸੂਖਮ ਤੇ ਸਥੂਲ ਗੁਣ, ਸੂਰਜ ਦੀਆਂ ਕਿਰਨਾਂ ਵਿਚ ਮੌਜੂਦ ਤੇ ਰਵਿ-ਰਹੇ-ਭਰਪੂਰ ਹਨ। ਆਮ ਤੌਰ ਤੇ, ਸਾਧਾਰਣ ਇਨਸਾਨ ਤਾਂ ਕੇਵਲ ਇਹਨਾਂ ਕਿਰਨਾਂ ਦੀ ਗਰਮੀ ਤੇ ਪ੍ਰਕਾਸ਼ ਦੇ ਗੁਣਾਂ ਨੂੰ ਹੀ ਜਾਣਦਾ ਤੇ ਮਹਿਸੂਸ ਕਰਦਾ ਹੈ। ਪਰ, ਇਹਨਾਂ ਦੋਨਾਂ ਗੁਣਾਂ ਦੇ ਨਾਲ-ਨਾਲ, ਕਿਰਨਾਂ ਵਿਚ ਮੌਜੂਦ ਗੁਪਤ ਰੰਗ ਅਤੇ 'ਜੀਵਨ-ਰੌਂ' ਦੀਆਂ —

ਅਮਿਤ
ਸੁਤੇ-ਸਿੱਧ
ਨਿਰਪੱਖ
ਅਣਮੰਗੀਆਂ
ਇਕ-ਸਾਰ
ਮੁਫ਼ਤ
ਸਦੀਵੀ

'ਦਾਤਾਂ' ਨੂੰ ਕੋਈ ਵਿਰਲਾ ਇਨਸਾਨ ਹੀ ਜਾਣਦਾ ਤੇ ਅਨੁਭਵ ਕਰਕੇ ਮਾਣਦਾ ਹੈ।

ਦੂਜੇ ਲਫ਼ਜ਼ਾਂ ਵਿਚ — 'ਸਥੂਲ ਕੁਦਰਤ' ਨੂੰ ਸੰਪੂਰਨ ਤੌਰ ਤੇ ਮਾਣਨ ਲਈ ਭੀ, ਸੂਖਮ 'ਤੱਤ-ਸਬਦ' ਦੇ ਅਨੁਭਵ ਦੀ ਲੋੜ ਹੈ।

ਦੁਨਿਆਵੀ ਪੱਧਰ ਤੇ ਵੀਚਾਰੀਏ ਤਾਂ, ਜਿਉਂ-ਜਿਉਂ ਸਾਨੂੰ ਕਿਸੇ ਵਸਤੂ, ਮਨੁੱਖ, ਜਗ੍ਹਾ, ਸ਼ਕਤੀ, ਆਦਿ ਦੀ ਤਾਰੀਫ਼ ਜਾਂ ਮਹਿਮਾ ਦਾ ਪਤਾ ਲਗਦਾ ਹੈ, ਤਿਉਂ-ਤਿਉਂ ਸਾਡੇ ਮਨ ਵਿਚ, ਸੁਤੇ-ਸਿੱਧ ਉਸ ਪ੍ਰਥਾਇ ਦਿਲਚਸਪੀ ਅਤੇ ਖਿੱਚ ਵੱਧਦੀ ਜਾਂਦੀ ਹੈ

ਅਤੇ ਉਸ ਨੂੰ ਪ੍ਰਾਪਤ ਕਰਨ ਯਾ ਮਿਲਣ ਦਾ ਚਾਉ ਪੈਦਾ ਹੁੰਦਾ ਹੈ।

ਠੀਕ ਇਸੇ ਤਰ੍ਹਾਂ ਜਿਉਂ-ਜਿਉਂ 'ਤੱਤ-ਸਬਦ' ਦੀ ਮਹਿਮਾ ਹਿਰਦੇ ਵਿਚ ਵਸੇਗੀ, ਤਿਉਂ-ਤਿਉਂ ਇਸ 'ਤੱਤ-ਸਬਦ' ਦੀ ਪ੍ਰਾਪਤੀ ਲਈ —

ਖਿੱਚ
ਚਾਉ
ਤਾਂਘ
ਰੀਝ
ਉਦਮ

ਲਗਾਤਾਰ ਵਧਦਾ ਜਾਵੇਗਾ।

ਸੁਨਿ ਸੁਨਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥ (pMn;-405)

ਸੁਨਿ ਸੁਨਿ ਉਪਜਿਓ ਮਨ ਮਹਿ ਚਾਉ॥
ਆਠ ਪਹਰ ਹਰਿ ਕੇ ਗੁਣ ਗਾਉ॥ (pMn;-893)

ਇਸ ਵਿਸ਼ੇ ਨੂੰ ਸਪਸ਼ਟ ਕਰਨ ਲਈ ਇਕ ਉਦਾਹਰਣ ਦਿਤੀ ਜਾਂਦੀ ਹੈ —

ਜਦ ਕੋਈ ਜ਼ਨਾਨੀ ਕਿਸੇ ਝਗੜੇ ਕਾਰਣ ਕ੍ਰੋਧ ਵਿਚ ਸੜ-ਬਲ ਰਹੀ ਹੋਵੇ, ਉਸੇ ਵੇਲੇ ਉਸ ਦੇ ਪਿਆਰੇ ਪਰਦੇਸੀ ਬੱਚੇ ਦੀ ਚਿੱਠੀ ਆ ਜਾਵੇ, ਤਾਂ ਉਸ ਦੇ ਕ੍ਰੋਧ ਦਾ ਭਾਂਬੜ ਝੱਟ ਬੁਝ ਜਾਂਦਾ ਹੈ ਅਤੇ ਉਸਦੇ ਹਿਰਦੇ ਵਿਚ 'ਮਾਂ-ਪਿਆਰ' ਜਾਗ ਪੈਂਦਾ ਹੈ। ਉਹ ਉਸ ਚਿੱਠੀ ਨੂੰ ਮੁੜ-ਮੁੜ ਪੜ੍ਹਦੀ ਜਾਂ ਸੁਣਦੀ ਹੈ ਅਤੇ ਬੱਚੇ ਦੇ 'ਮੋਹ' ਨਾਲ ਉਸ ਦਾ ਮਨ 'ਪਿਘਲ' ਕੇ ਉਸ ਦਾ ਹਿਰਦਾ 'ਭਿੱਜ' ਜਾਂਦਾ ਹੈ।

ਇਸ ਤਰ੍ਹਾਂ ਉਸ ਦੇ ਹਿਰਦੇ ਅੰਦਰ ਭਖਦੇ ਕ੍ਰੋਧ ਦਾ ਭਾਂਬੜ, 'ਮਾਂ-ਪਿਆਰ' ਵਿਚ ਬਦਲ ਜਾਂਦਾ ਹੈ ਅਤੇ 'ਮਮਤਾ' ਦੇ ਉਚੇਰੇ ਵਲਵਲੇ ਉਛਲ ਪੈਂਦੇ ਹਨ। ਉਹ ਆਪਣੇ ਪਿਆਰੇ ਬੱਚੇ ਦੀਆਂ ਵਡਿਆਈਆਂ ਕਰਦੀ ਨਹੀਂ ਥਕਦੀ ਅਤੇ ਜਿਉਂ-ਜਿਉਂ ਉਹ ਆਪਣੇ ਪਿਆਰੇ ਬੱਚੇ ਦੇ ਗੁਣ ਗਾਉਂਦੀ ਹੈ— ਤਿਉਂ-ਤਿਉਂ ਉਸ ਦਾ ਹਿਰਦਾ ਦ੍ਰਵ ਕੇ ਉਛਲਦਾ ਹੈ ਅਤੇ ਉਹ ਬੱਚੇ ਦੇ ਵੈਰਾਗ ਵਿਚ ਬਿਹਬਲ ਹੋ ਜਾਂਦੀ ਹੈ।

ਉਪਰਲੇ ਉਦਾਹਰਣ ਤੋਂ ਸਿੱਧ ਹੁੰਦਾ ਹੈ, ਕਿ ਮਾਇਆ-ਰੂਪੀ 'ਕੁਸੰਗਤ' ਅਥਵਾ ਦੂਜੇ-ਭਾਉ ਦੇ ਪ੍ਰਭਾਵ ਹੇਠ, ਮਨ ਸੜਦਾ-ਬਲਦਾ ਰਹਿੰਦਾ ਹੈ। ਇਸ 'ਆਤਸ ਦੁਨੀਆਂ' ਤੋਂ ਬਚਣ ਦਾ ਇਕੋ-ਇਕ ਪੱਕਾ ਸਾਧਨ ਹੈ —

'ਖੁਨਕ ਨਾਮ ਖੁਦਾਇਆ'

ਅਥਵਾ 'ਸਾਧ ਸੰਗਤ' ਵਿਚ ਵਿਚਰਦਿਆਂ ਹੋਇਆਂ, ਹਰੀ ਦੇ ਗੁਣ ਗਾਉਣੇ ਅਥਵਾ ਪਰਮੇਸ਼ਰ ਦੀ ਸਿਫਤ-ਸਾਲਾਹ ਕਰਨੀ ਹੈ, ਜਿਸ ਨਾਲ ਅਕਾਲ ਪੁਰਖ ਦੇ ਦੈਵੀ ਗੁਣਾਂ ਨਾਲ ਸਾਡਾ ਮਨ ਪਰਸਦਾ ਹੈ।

ਇਸ ਤਰ੍ਹਾਂ ਇਲਾਹੀ 'ਪਾਰਸ-ਛੋਹ' ਨਾਲ ਸਾਡੇ ਮਨ ਉਤੇ ਦੈਵੀ 'ਪਾਰਸ-ਕਲਾ' ਵਰਤਦੀ ਹੈ, ਸਿਫ਼ਤ-ਸਾਲਾਹ ਕਰਦਿਆਂ-ਕਰਦਿਆਂ ਸਾਡੇ ਉਨਮਨ ਵਿਚ ਅਕਾਲ ਪੁਰਖ ਦੇ ਸਾਰੇ ਗੁਣ ਧੱਸ-ਵੱਸ-ਰਸ ਜਾਂਦੇ ਹਨ ਅਤੇ ਜੀਵ ਵਡਭਾਗਾ ਹੋ ਜਾਂਦਾ ਹੈ। 'ਜੀਵ' — 'ਮਨਮੁਖ ' ਤੋਂ 'ਗੁਰਮੁਖ' ਬਣ ਜਾਂਦਾ ਹੈ।

ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ॥ (pMn;-110)

ਜੈਸਾ ਸੇਵੈ ਤੈਸੋ ਹੋਇ॥ (pMn;-224)

ਪਰ ਏਥੇ ਸਮਝਣ ਯੋਗ ਹਕੀਕਤ ਇਹ ਹੈ, ਕਿ ਦੁਨਿਆਵੀ ਸਥੂਲ ਵਸਤੂਆਂ ਸਾਡੇ ਮਨ, ਚਿੱਤ, ਬੁੱਧੀ ਦੀ ਕਲਪਨਾ ਵਿਚ ਛੇਤੀ ਆ ਜਾਂਦੀਆਂ ਹਨ ਤੇ ਇਹਨਾਂ ਦੀ ਮਹਿਮਾ ਜਾਂ ਤਾਰੀਫ਼ ਵੀ ਛੇਤੀ ਹੀ ਸਾਡੀ ਸਮਝ ਵਿਚ ਆ ਜਾਂਦੀ ਹੈ ਅਤੇ ਅਸੀਂ ਅਨੰਦ ਵੀ ਮਾਣਦੇ ਹਾਂ। ਪਰ, 'ਤਤ-ਸਬਦ' ਅਤੇ ਇਸ ਦੀ ਅਸਚਰਜ ਮਹਿਮਾ, ਅਤਿ ਸੂਖਮ ਹੋਣ ਕਰਕੇ ਸਾਡੀ ਮੋਟੀ-ਠੁੱਲੀ ਮਾਇਕੀ ਬੁੱਧੀ, ਇਸ ਨੂੰ ਪਕੜ ਨਹੀਂ ਸਕਦੀ ਜਾਂ ਇਸ ਨੂੰ ਅਨੁਭਵ ਨਹੀਂ ਕਰ ਸਕਦੀ ਅਤੇ ਇਸ ਦੀ ਕਦਰ-ਕੀਮਤ ਪਾ ਕੇ ਰੰਗ-ਰਸ ਭੀ ਨਹੀਂ ਮਾਣ ਸਕਦੀ।

ਇਸੇ ਲਈ ਵੇਖਣ ਵਿਚ ਆਇਆ ਹੈ, ਕਿ ਧਾਰਮਿਕ ਸ਼੍ਰੇਣੀ ਦੇ ਬਹੁਤ ਸਾਰੇ 'ਸਾਧਕ' ਸ਼ੁਰੂ-ਸ਼ੁਰੂ ਵਿਚ 'ਸਬਦ' ਦੀ ਦਿਮਾਗੀ ਮਹਿਮਾ ਸੁਣ ਕੇ ਪਰਮਾਰਥ ਵੱਲ ਮਾਨਸਿਕ ਖਿੱਚ ਖਾਂਦੇ ਹਨ, ਪਰ 'ਤੱਤ-ਸਬਦ' ਦਾ ਅਨੁਭਵੀ ਗਿਆਨ ਨਾ ਹੋਣ ਕਰਕੇ, ਉਹਨਾਂ ਅੰਦਰ 'ਆਤਮਿਕ ਖਿੱਚ' ਨਹੀਂ ਉਪਜਦੀ।

ਇਸ ਤਰ੍ਹਾਂ ਸਾਰਾ ਜੀਵਨ ਮਾਇਕੀ 'ਖੜ੍ਹਦੀ-ਕਲਾ' ਯਾ 'ਢਹਿੰਦੀ-ਕਲਾ' ਵਿਚ ਹੀ ਬਤੀਤ ਹੋ ਜਾਂਦਾ ਹੈ ਅਤੇ ਇਲਾਹੀ ਜੀਵਨ-ਰੌਂ ਦੀ ਲਗਾਤਾਰ 'ਰਵਾਨਗੀ' ਤੋਂ ਵਾਂਝੇ ਹੋ ਕੇ, ਮਾਇਕੀ ਮੰਡਲ ਵਿਚ ਗਲਤਾਨ ਹੋਇਆ ਰਹਿੰਦਾ ਹੈ।

'ਤੱਤ-ਸਬਦ' ਦੀ ਅਨੁਭਵੀ ਮਹਿਮਾ ਦਾ ਰਸ ਮਾਣਨ ਲਈ 'ਸਾਧ ਸੰਗਤ' ਅਥਵਾ ਗੁਰਮੁਖ ਪਿਆਰਿਆਂ ਬਖਸ਼ੇ ਹੋਏ ਮਹਾਂਪੁਰਖਾਂ ਦੀ ਸੰਗਤ ਲਾਜ਼ਮੀ ਹੈ।

ਸੁਣਿ ਸਿਖਿਐ ਸਾਦੁ ਨ ਆਇਓ
ਜਿਚਰੁ ਗੁਰਮੁਖਿ ਸਬਦਿ ਨ ਲਾਗੈ॥ (pMn;-590)

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ॥ (pMn;-756)

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ॥ (pMn;-946)

ਸਾਧਸੰਗਤਿ ਗੁਰ ਸਬਦੁ ਕਮਾਈ। (ਵਾ.ਭਾ.ਗੁ. 16/1)

'ਗੁਰੂ-ਰੂਪ' 'ਤੱਤ-ਸਬਦ' ਦੀ ਮਹਿਮਾ ਹਿਰਦੇ ਵਿਚ ਵਸਾਉਣ ਲਈ ਹੀ ਸਤਿਗੁਰਾਂ ਨੇ ਸਾਨੂੰ ਬਿਸਮਾਦੀ ਅਤੇ ਸਿਫ਼ਤੀ 'ਵਾਹਿਗੁਰੂ' ਗੁਰਮੰਤ੍ਰ ਬਖਸ਼ਿਆ ਹੈ, ਜਿਸ ਨੂੰ ਭਾਵਨਾ ਸਹਿਤ ਜਪਣ ਲਈ ਤਾਕੀਦੀ ਹੁਕਮ ਹੈ।

ਗੁਰਮਤਿ ਅਨੁਸਾਰ 'ਤੱਤ-ਸਬਦ' ਦੇ ਸੂਖਮ ਤੇ ਸਥੂਲ ਸਰੂਪ ਨੂੰ ਬੁਝਣ ਤੇ ਅਨੁਭਵ

ਕਰਨ ਲਈ, ਸਾਡੀ 'ਸੁਰਤਿ' ਹੀ ਇਕੋ-ਇਕ ਵਸੀਲਾ ਹੈ। ਅਤਿ ਸੂਖਮ ਤੱਤ-ਸਬਦ ਨੂੰ ਉਸੇ ਪੱਧਰ ਦੀ ਸੂਖਮਤਾਈ ਵਾਲੀ ਸੁਰਤਿ ਹੀ, ਪਕੜ ਕੇ ਅਨੁਭਵ ਕਰ ਸਕਦੀ ਹੈ।

ਤਾਂ ਤੇ, 'ਸਬਦ-ਸੁਰਤਿ' ਦਾ 'ਮੇਲ' ਹੀ ਪ੍ਰਭੂ ਨੂੰ ਮਿਲਣ ਦਾ ਇਕੋ-ਇਕ ਵਸੀਲਾ ਹੈ ਅਤੇ ਇਸ ਸੂਖਮ-ਮਾਰਗ ਨੂੰ ਗਹਿਰਾਈ ਨਾਲ ਅਨੁਭਵ ਕਰਨਾ ਅਤੀ ਜ਼ਰੂਰੀ ਹੈ।

ਸਬਦ ਸੁਰਤ ਪਰਮਾਰਥ ਪਰਮਪਦ
ਸਬਦ ਸੁਰਤ ਸੁਖ ਸਹਜ ਨਿਵਾਸ ਹੈ। (ਕ.ਭਾ.ਗੁ.62)

ਨਿਰੰਕਾਰ ਚਾਰ ਪਰਮਾਰਥ ਪਰਮਪਦ
ਸਬਦ ਸੁਰਤਿ ਅਵਗਾਹਨ ਅਭਯਾਸ ਹੈ। (ਕ.ਭਾ.ਗੁ. 125)

'ਸੁਰਤਿ' ਦੀ ਸੂਖਮਤਾ ਤੇ ਸਮਰਥਾ ਨੂੰ ਸਮਝਣ ਲਈ ਹੇਠਲੀ ਵਿਚਾਰ ਦਿਤੀ ਜਾਂਦੀ ਹੈ —

ਸਾਡੇ ਮਨ, ਚਿੱਤ, ਬੁੱਧੀ ਵਿਚ ਕਿਸੇ ਵੀ ਬਾਹਰਲੇ ਵਿਚਾਰ, ਖਿਆਲ, ਭਾਵ, ਦ੍ਰਿਸ਼ ਦਾਖਲ ਹੋਣ ਦਾ ਜ਼ਰੀਆ ਯਾ ਰਸਤਾ ਮੁਖ ਤੌਰ ਤੇ ਕੇਵਲ ਸਾਡੀਆਂ ਅੱਖਾਂ ਤੇ ਕੰਨ ਹਨ। ਪਰ, ਵੇਖੇ ਹੋਏ ਦ੍ਰਿਸ਼ ਅਤੇ ਪੜ੍ਹੇ ਜਾਂ ਸੁਣੇ ਵਿਚਾਰ, ਤਾਂ ਹੀ ਸਾਡੇ ਅੰਤਿਸ਼ਕਰਨ ਵਿਚ ਕੋਈ ਭਾਵਨਾ ਪੈਦਾ ਕਰ ਸਕਦੇ ਹਨ, ਜੇ ਸਾਡੀ ਅੰਦਰਲੀ 'ਸੁਰਤਿ' ਜਾਂ 'ਧਿਆਨ' ਇਹਨਾਂ ਨੂੰ ਪਕੜੇ। ਇਸ ਲਈ ਬਗੈਰ ਧਿਆਨ ਜਾਂ ਸੁਰਤਿ ਦੇ, ਵੇਖੇ ਹੋਏ ਦ੍ਰਿਸ਼ ਅਤੇ ਪੜ੍ਹੇ-ਸੁਣੇ ਵਿਚਾਰ, ਸਾਡੇ ਅੰਤਿਸ਼ਕਰਨ ਤੇ ਕੋਈ ਅਸਰ ਨਹੀਂ ਪਾਉਂਦੇ।

ਦੂਸਰੇ ਪਾਸੇ, ਸਾਡੇ ਧੁਰ ਅੰਤਿਸ਼ਕਰਨ ਵਿਚ, ਪਹਿਲਾਂ ਹੀ ਪਿਛਲੇ ਸੰਸਕਾਰਾਂ ਤੇ ਸੰਗਤ ਅਨੁਸਾਰ, ਕੁਝ ਵਿਚਾਰ, ਵਲਵਲੇ, ਦ੍ਰਿਸ਼ ਆਦਿ ਜਮ੍ਹਾਂ ਹਨ। ਰੁਚੀਆਂ ਅਨੁਸਾਰ ਸਾਡੀ ਸੁਰਤਿ, ਆਪਣੇ ਆਪ ਇਹ ਪਿਛਲੇ ਦ੍ਰਿਸ਼, ਖਿਆਲ ਤੇ ਵਲਵਲੇ, ਮੁੜ-ਮੁੜ ਦੇਖਦੀ ਤੇ ਸੋਚਦੀ ਰਹਿੰਦੀ ਹੈ।

ਦੂਜੇ ਲਫ਼ਜ਼ਾਂ ਵਿਚ ਸਾਡੀ ਸੁਰਤ ਮੌਜੂਦਾ ਅਤੇ ਅੰਤਿਸ਼ਕਰਨ ਵਿਚ ਪਹਿਲਾਂ ਜਮ੍ਹਾਂ ਕੀਤੇ ਹੋਏ ਖਿਆਲਾਂ, ਭਾਵਨਾਵਾਂ, ਘਟਨਾਵਾਂ ਤੇ ਦ੍ਰਿਸ਼ ਵਿਚਕਾਰ ਪ੍ਰਵਿਰਤ ਰਹਿੰਦੀ ਹੈ।

ਇਥੇ ਧਿਆਨ ਯੋਗ ਇਕ ਹੋਰ ਨੁਕਤਾ ਇਹ ਹੈ, ਕਿ ਅੰਤਿਸ਼ਕਰਨ ਦੀ ਰੁਚੀ ਅਥਵਾ 'ਰੰਗਤ' ਅਨੁਸਾਰ ਹੀ, ਸਾਡੀ ਸੁਰਤਿ ਅੰਦਰਲੇ ਜਾਂ ਬਾਹਰਲੇ —

ਖਿਆਲਾਂ
ਭਾਵਨਾਵਾਂ
ਘਟਨਾਵਾਂ
ਦ੍ਰਿਸ਼

ਆਦਿ ਨੂੰ ਪਕੜਦੀ ਹੈ, ਪਰ ਅੰਦਰ ਪਹਿਲਾਂ ਉਕਰੀ ਹੋਈ ਰੁਚੀ ਜਾਂ ਅੰਤਿਸ਼ਕਰਨ ਦੀ 'ਰੰਗਤ' ਤੋਂ ਵਿਲੱਖਣ ਜਾਂ ਉਲਟ — ਖਿਆਲਾਂ, ਭਾਵਨਾਵਾਂ, ਘਟਨਾਵਾਂ ਤੇ ਦ੍ਰਿਸ਼ਾਂ ਨੂੰ

ਸੁਰਤਿ ਨਾਲ ਪਕੜਨ ਲਈ ਕਾਫ਼ੀ ਘਾਲਣਾ ਦੀ ਲੋੜ ਹੁੰਦੀ ਹੈ।

ਇਥੇ ਇਹ ਵੀ ਦਸਣਾ ਯੋਗ ਹੋਵੇਗਾ, ਕਿ ਅਸੀਂ ਕੰਨ ਤੇ ਅੱਖਾਂ ਸਾਰਾ ਦਿਨ ਬੰਦ ਵੀ ਨਹੀਂ ਕਰ ਸਕਦੇ। ਤੁਰਦਿਆਂ-ਫਿਰਦਿਆਂ ਜਾਂ ਕੰਮ ਕਰਦਿਆਂ, ਚੰਗੇ-ਮਾੜੇ ਦ੍ਰਿਸ਼, ਆਵਾਜ਼, ਵਿਚਾਰ ਆਦਿ ਸੁਤੇ-ਸਿੱਧ ਹੀ ਸਾਡੇ ਮਨ ਵਿਚ ਆਉਂਦੇ ਹਨ ਤੇ ਸਾਡੇ ਮਨ ਨੂੰ 'ਫੁਟਬਾਲ' ਦੀ ਨਿਆਈਂ ਨਚਾਉਂਦੇ, ਭਟਕਾਉਂਦੇ ਤੇ ਖੁਆਰ ਕਰਦੇ ਹਨ। ਇਹਨਾਂ ਨੀਵੇਂ, ਘਾਤਕ ਤੇ ਭੜਕਾਊਂ ਤੱਤਾਂ ਉਤੇ ਤਾਂ ਕੇਵਲ, ਉੱਚੀ-ਸੁੱਚੀ 'ਸਾਧ-ਸੰਗਤ' ਯਾ ਦੈਵੀ ਮਾਹੌਲ ਹੀ ਅਸਰ ਪਾ ਸਕਦਾ ਹੈ ਜਾਂ ਬਦਲ ਸਕਦਾ ਹੈ। ਸੁਰਤਿ ਰੂਪੀ ਕੰਪਿਊਟਰ (computer) ਵਿਚ ਦਰਜ ਕੀਤੇ ਹੋਏ ਖਿਆਲਾਂ, ਵਲਵਲਿਆਂ, ਸੰਸਕਾਰਾਂ ਨੂੰ ਸਾਧ ਸੰਗਤ ਦੇ ਦੈਵੀ ਅਤੇ ਦਾਮਨਿਕ ਰੰਗਤ ਦੇ ਪ੍ਰਭਾਵ ਨਾਲ ਹੀ ਬਦਲਿਆ ਜਾ ਸਕਦਾ ਹੈ।

ਬਾਕੀ ਗਿਆਨ ਇੰਦ੍ਰੀਆਂ ਨਾਲੋਂ, ਅੱਖ ਤੇ ਕੰਨ ਦੀ ਗ੍ਰਹਿਣ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਬਹੁਤ ਦੂਰ ਦਾ ਦ੍ਰਿਸ਼ ਜਾਂ ਆਵਾਜ਼ ਇਕ ਦਮ ਸਾਡੇ ਮਨ ਵਿਚ ਕੋਈ ਚੰਗੀ ਜਾਂ ਮਾੜੀ ਭਾਵਨਾ ਛੱਡ ਜਾਂਦਾ ਹੈ।

ਉਪਰਲੀ ਵਿਚਾਰ ਤੋਂ ਸਪਸ਼ਟ ਹੈ, ਕਿ ਪਰਮਾਰਥਿਕ ਘਾਲਣਾ ਲਈ —

ਧਿਆਨ
ਸੁਰਤਿ
ਵਿਚਾਰ
ਖਿਆਲ
ਦ੍ਰਿਸ਼
ਵਲਵਲੇ
ਮਾਹੌਲ
ਸੰਗਤ

ਅਤਿਅੰਤ ਅਹਿਮੀਅਤ ਰਖਦੇ ਹਨ।

ਵੀਡੀਓ ਕੈਸੇਟ (video-cassette) ਅੰਦਰ ਅਨੰਤ ਦ੍ਰਿਸ਼ ਤੇ ਆਵਾਜ਼ਾਂ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ ਅਤੇ ਲੋੜ ਪੈਣ ਤੇ ਪ੍ਰਗਟ ਵੀ ਕੀਤੀਆਂ ਜਾ ਸਕਦੀਆਂ ਹਨ। ਠੀਕ ਇਸੇ ਤਰ੍ਹਾਂ ਸਾਡੀ 'ਸੁਰਤਿ' ਵੀ ਕਈ ਜਨਮਾਂ ਤੋਂ ਲੈ ਕੇ, ਹੁਣ ਤਕ ਆਪਣੇ ਆਪ ਅਨੰਤ ਦ੍ਰਿਸ਼, ਵਲਵਲੇ, ਖਿਆਲ, ਘਟਨਾਵਾਂ, ਚੁਪ-ਚੁਪੀਤੇ ਦਰਜ ਜਾਂ ਰਿਕਾਰਡ (record) ਕਰਦੀ ਆਈ ਹੈ ਅਤੇ ਲੋੜ ਪੈਣ ਤੇ ਜਾਂ ਸੁਤੇ-ਸਿੱਧ ਇਨ੍ਹਾਂ ਸੰਸਕਾਰਾਂ ਦੀ ਰੰਗਤ ਨੂੰ ਪ੍ਰਗਟ ਕਰਦੀ ਰਹਿੰਦੀ ਹੈ।

ਅਸਲ ਵਿਚ 'ਸਬਦ-ਸੁਰਤਿ' ਦੇ 'ਮੇਲ' ਦੁਆਰਾ ਹੀ ਜਗਿਆਸੂ ਅਨੇਕਾਂ ਅੰਤਰਮੁਖੀ, ਗੈਬੀ ਪਰਮਾਰਥਕ ਪਉੜੀਆਂ ਚੜ੍ਹ ਕੇ ਪ੍ਰਭੂ ਨੂੰ ਮਿਲ ਸਕਦਾ ਹੈ।

ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 'ਸਬਦ-ਸੁਰਤਿ-ਮਾਰਗ' ਬਾਬਤ ਇਉਂ ਅਗਵਾਈ ਕੀਤੀ ਗਈ ਹੈ —

ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।। (pMn;-62)

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ।। (pMn;-877)

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।। (pMn;-938)

ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ।। (pMn;-1227)

ਸਬਦੁ ਸੁਰਤਿ ਅਸਗਾਹੁ ਅਘੜ ਘੜਾਇਆ। (ਵਾ.ਭਾ.ਗੁ. 3/4)

ਸਬਦ ਸੁਰਤਿ ਲਿਵਿ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।
(ਵਾ.ਭਾ.ਗੁ. 5/13)

ਸਬਦ ਸੁਰਤਿ ਲਿਵ ਸਾਧਸੰਗਿ ਪੰਚ ਸਬਦ ਇਕ ਸਬਦ ਮਿਲਾਏ।

(ਵਾ.ਭਾ.ਗੁ. 6/10)

ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।
(ਵਾ.ਭਾ.ਗੁ. 6/19)

ਸਬਦੁ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ। (ਵਾ.ਭਾ.ਗੁ. 13/14)

ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
(ਵਾ.ਭਾ.ਗੁ. 16/10)

ਉਪਰਲੀ ਵਿਚਾਰ ਤੋਂ ਸਪਸ਼ਟ ਹੈ, ਕਿ 'ਸਬਦ' ਵਿਚ ਸੁਰਤਿ ਜੋੜਨ ਨਾਲ ਸਾਰੀਆਂ ਆਤਮਿਕ ਬਰਕਤਾਂ, ਗੁਰੂ ਕਿਰਪਾ ਸਦਕਾ ਨਸੀਬ ਹੋ ਜਾਂਦੀਆਂ ਹਨ। ਪਰ, ਇਹ 'ਸਬਦ-ਸੁਰਤਿ' ਦੀ 'ਖੇਡ' ਕੋਈ ਆਸਾਨ ਨਹੀਂ, ਕਿਉਂਕਿ ਸਾਡਾ ਬਾਹਰਮੁਖੀ ਮਨ, ਮਤਿ ਅਤੇ ਬੁੱਧੀ ਜਨਮਾਂ-ਜਨਮਾਂਤਰਾਂ ਤੋਂ ਮਾਇਆ ਵਿਚ ਖੱਚਤ ਹੋਣ ਕਰਕੇ ਆਪਣੇ ਆਪ ਮਾਇਆ ਦੀ ਪਕੜ ਵਿਚੋਂ ਨਿਕਲਣ ਲਈ ਅਸਮਰਥ ਹੈ। ਇਸ ਲਈ ਉਪਰ ਲਿਖੇ ਪ੍ਰਮਾਣਾਂ ਅਨੁਸਾਰ 'ਸਾਧ ਸੰਗਤ' ਵਿਚ ਵਿਚਰਦਿਆਂ ਹੋਇਆਂ 'ਸਬਦ-ਸੁਰਤਿ' ਦੀ ਗਾਖੜੀ, 'ਅਲੂਣੀ ਸਿਲ ਚੱਟਣ' ਵਾਲੀ ਘਾਲਣਾ ਕੋਈ ਵਿਰਲਾ ਜਗਿਆਸੂ ਹੀ ਘਾਲਦਾ ਹੈ।

ਰਾਗ ਨਾਦ ਸਭ ਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ। (ਵਾ.ਭਾ.ਗੁ. 15/16)

ਤੇ ਵਿਰਲੇ ਸੈਂਸਾਰ ਵਿਚਿ ਸਬਦ ਸੁਰਤਿ ਹੋਇ ਮਿਰਗ ਮਰੰਦੇ। (ਵਾ.ਭਾ.ਗੁ. 28/17)

ਸਬਦ-ਸੁਰਤਿ ਦੇ ਮੇਲ ਦੁਆਰਾ ਹੀ ਸਾਡੇ ਅੰਦਰ ਆਤਮਿਕ ਅਨੰਦ, ਪ੍ਰਭੂ ਪ੍ਰੇਮ ਜਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ —

ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖੁ ਸਾਰੁ॥ (pMn;-62)

ਸਾਧਸੰਗਤਿ ਸੰਸਾਰ ਵਿਚਿ ਸਬਦ ਸੁਰਤਿ ਲਿਵ ਸਹਜਿ ਬਿਲਾਸੀ।
(ਵਾ.ਭਾ.ਗੁ. 15/21)

ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ। (ਵਾ.ਭਾ.ਗੁ. 13/14)

ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ। (ਵਾ.ਭਾ.ਗੁ. 3/1)

ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ।

ਸਬਦ ਸੁਰਤਿ ਪਰਸੰਗ ਗਿਆਨ ਸੰਗ ਮੇਲਿਆ। (ਵਾ.ਭਾ.ਗੁ. 3/16)

ਸਬਦ ਸੁਰਤਿ ਬੈਰਾਗੁ ਹੈ ਸੁਖ ਸਹਜ ਅਰੋਗੀ। (ਵਾ.ਭਾ.ਗੁ. 13/3)

ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
(ਵਾ.ਭਾ.ਗੁ. 16/10)

ਹੀਰੈ ਹੀਰਾ ਬੇਧਿਆ ਸਬਦ ਸੁਰਤਿ ਮਿਲਿ ਪਰਚਾ ਹੋਈ। (ਵਾ.ਭਾ.ਗੁ. 15/16)

'ਸਬਦ'—ਅਗਮ, ਅਗੋਚਰ ਤੇ 'ਪ੍ਰੇਮ ਸਰੂਪ' ਹੈ। ਇਸ ਲਈ —

ਰੱਬੀ ਭੈ-ਭਾਵਨੀ
ਬਿਸਮਾਦੀ ਸਿਫਤ ਸਾਲਾਹ
ਇਲਾਹੀ ਪ੍ਰੇਮ ਅਤੇ
'ਸਬਦ' ਦੀ ਕਮਾਈ

ਹੀ 'ਸੁਰਤਿ ਦਾ ਮਾਰਗ' ਹੈ, ਜਿਸ ਨੂੰ ਕੇਵਲ ਸਾਡੀ 'ਸੁਰਤਿ' ਹੀ —

ਪਹਿਚਾਨ ਸਕਦੀ ਹੈ।
ਪਕੜ ਸਕਦੀ ਹੈ।
ਅਨੁਭਵ ਕਰ ਸਕਦੀ ਹੈ।
ਖਿੱਚ ਖਾ ਸਕਦੀ ਹੈ।
ਰਸ ਮਾਣ ਸਕਦੀ ਹੈ।

ਮਾਇਆ ਤੇ ਵਿਕਾਰਾਂ ਵਿਚ ਖੱਚਤ ਹੋਇਆ ਠੁੱਲਾ ਬਾਹਰਮੁਖੀ ਮਾਦੀ 'ਮਨ' ਇਨ੍ਹਾਂ ਉਚੀਆਂ-ਸੁਚੀਆਂ ਭਾਵਨਾਵਾਂ ਨੂੰ ਨਹੀਂ ਪਕੜ ਸਕਦਾ।

ਕਦੇ -ਕਦਾਈਂ ਗੁਰੂ ਕਿਰਪਾ ਸਦਕਾ 'ਸਾਧ ਸੰਗਤ' ਵਿਚ ਅੰਤਰਮੁਖੀ ਸਿਮਰਨ ਕਰਦਿਆਂ ਜਾਂ ਇਕਾਗਰਤਾ ਤੇ ਸ਼ਰਧਾ ਨਾਲ ਕੀਰਤਨ ਸੁਣਦਿਆਂ, ਸਾਨੂੰ ਨਾਮ-ਰਸ ਦਾ 'ਹਲੋਰਾ' ਆਉਂਦਾ ਹੈ, ਤਾਂ ਸੁਰਤਿ 'ਜਾਗਰਤ ਅਵਸਥਾ' ਵਿਚ ਆਉਂਦੀ ਹੈ ਤੇ ਅਗੇ ਨਾਲੋਂ ਹੋਰ ਵੀ ਸੁਚੇਤ ਅਤੇ ਸਾਵਧਾਨ ਹੋ ਜਾਂਦੀ ਹੈ।

ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ (pMn;-262)

ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ॥ (pMn;-814)

ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ॥ (pMn;-1425)

ਸਬਦ ਸੁਰਤਿ ਸਾਵਧਾਨ ਹੋਇ
ਵਿਣੁ ਗੁਰਸਬਦਿ ਨ ਸੁਣਈ ਬੋਲਾ। (ਵਾ.ਭਾ.ਗੁ. 4/17)

ਸਬਦ ਸੁਰਤਿ ਲਿਵ ਸਾਵਧਾਨ
ਗੁਰਮੁਖਿ ਪੰਥ ਚਲੈ ਪਗੁ ਧਾਰੇ। (ਵਾ.ਭਾ.ਗੁ.37/27)

'ਨਿਰੰਕਾਰ' ਤੇ 'ਸੰਸਾਰ-ਸਾਗਰ' ਵਿਚਕਾਰ 'ਸਬਦ' ਹੀ ਸੂਖਮ 'ਪੁਲ' ਹੈ, ਜਿਸ ਨੂੰ ਕੇਵਲ ਸੁਰਤਿ ਹੀ ਅਨੁਭਵ ਦੁਆਰਾ ਪਾਰ ਕਰ ਸਕਦੀ ਹੈ।

'ਸੁਰਤਿ' ਦੀ ਇਕ ਹੋਰ ਖ਼ੂਬੀ ਇਹ ਭੀ ਹੈ, ਕਿ ਇਹ ਅਨੁਵਾਦਕ ਜਾਂ ਉਲਥਾਕਾਰ (interpreter) ਹੈ। 'ਸੂਖਮ ਤਤ-ਸਬਦ' ਨੂੰ ਅਨੁਭਵ ਕਰਕੇ ਸਥੂਲ ਦ੍ਰਿਸ਼ਟਮਾਨ ਅਖਰਾਂ ਵਿਚ ਬਿਆਨ ਕਰ ਸਕਦੀ ਹੈ ਅਤੇ ਸਥੂਲ ਦ੍ਰਿਸ਼ਟਮਾਨ ਅਖਰੀ 'ਗੁਰਬਾਣੀ' ਦਾ ਇਕਾਗਰਤਾ ਅਤੇ ਭਾਵਨਾ ਸਹਿਤ ਅੰਤ੍-ਆਤਮੇ ਅਭਿਆਸ ਦੁਆਰਾ, 'ਸੂਖਮ ਤਤ-ਸਬਦ' ਦੀਆਂ 'ਝਲਕਾਂ' ਅਨੁਭਵ ਕਰ ਸਕਦੀ ਹੈ।

'ਸੁਰਤਿ' ਰਾਹੀਂ ਮਨ ਨੂੰ ਨਿਰੰਤਰ ਕੋਈ —

ਮਿੱਠਾ
ਰਸੀਲਾ
ਤਰੰਗਾਂ ਵਾਲਾ
ਸਵਾਦਲਾ
ਸੂਖਮ

'ਭੋਜਨ' ਚਾਹੀਦਾ ਹੈ, ਜਿਸ ਦੁਆਰਾ ਮਨ-ਮਾਇਆ ਅਤੇ ਵਿਕਾਰਾਂ ਦੇ ਹੋਛੇ ਰਸਾਂ ਤੋਂ ਮੁੜ ਕੇ 'ਸਬਦ' ਨੂੰ ਪਕੜ ਸਕੇ।

ਇਹ ਰਸ ਛਾਡੇ ਉਹ ਰਸੁ ਆਵਾ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ (pMn;-342)

ਭਾਵ 'ਸੁਰਤਿ' ਹੀ —

'ਸਬਦ' ਦੇ 'ਤੱਤ' ਨੂੰ ਅਨੁਭਵ ਕਰ ਸਕਦੀ ਹੈ।

ਪ੍ਰਭੂ ਦੇ ਸਾਖਿਆਤ ਦਰਸ਼ਨ ਕਰਦੀ ਹੈ।

ਪ੍ਰਭੂ ਦੇ ਪ੍ਰਿਮ-ਪਿਆਲੇ ਦਾ ਰੰਗ ਮਾਣਦੀ ਹੈ।

ਅਸਲ ਵਿਚ ਅਨੁਭਵੀ ਪ੍ਰੇਮ ਦੁਆਰਾ ਹੀ, 'ਸੁਰਤਿ', ਰੱਬ ਨਾਲ —

ਗੱਲਾਂ
ਸਨੇਹੜੇ
ਲਾਡ-ਪਿਆਰ
ਪ੍ਰੇਮ ਅਦਾਵਾਂ
ਲੇਵਾ-ਦੇਵੀ
ਤੇ ਵਣਜ-ਵਪਾਰ

ਗੁਪਤੀ ਤੌਰ ਤੇ ਕਰ ਸਕਦੀ ਹੈ।

ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ॥ (pMn;-597)

ਇਹ 'ਸਬਦ-ਸੁਰਤਿ' ਦੀ ਸੂਖਮ ਤੇ ਗੁਪਤ 'ਜੁਗਤ', 'ਸਾਧ ਸੰਗਤ' ਵਿਚ ਸਿਮਰਨ ਅਭਿਆਸ ਕਮਾਈ ਦੁਆਰਾ ਸਹਿਜੇ ਹੀ ਸਿਖੀ ਜਾਂਦੀ ਹੈ।

'ਸਬਦ-ਸੁਰਤਿ' ਦੇ ਮੇਲ ਤੋਂ ਬਗੈਰ, 'ਤੱਤ-ਸਬਦ' ਜਾਂ 'ਸਬਦ ਗੁਰੂ' ਨੂੰ ਅਨੁਭਵ ਕਰਨ ਲਈ ਹੋਰ ਕੋਈ ਸਾਧਨ ਨਹੀਂ ਹੈ।

ਸਬਦ ਸੁਰਤਿ ਬਿਨੁ ਆਵੈ ਜਾਵੈ
ਪਤਿ ਖੋਈ ਆਵਤ ਜਾਤਾ ਹੇ॥ (pMn;-1081)

ਸੁਚੇਤ ਮਨ, ਮਤਿ ਅਤੇ ਬੁੱਧੀ (conscious mind) ਨੂੰ ਗੁਰ ਸਬਦ ਦੀ ਅੰਤ੍ਰੀਵ ਵਿਚਾਰ ਦੁਆਰਾ ਘੜਿਆ ਜਾਂਦਾ ਹੈ।

ਅਚੇਤ ਅੰਤਿਸ਼ਕਰਨ (sub-conscious mind) ਨੂੰ ਕੀਰਤਨ, ਅੰਤਰਮੁਖੀ ਸਿਮਰਨ ਅਥਵਾ 'ਸਬਦ-ਸੁਰਤਿ' ਦੇ ਅਭਿਆਸ ਦੁਆਰਾ ਘੜਿਆ ਜਾਂਦਾ ਹੈ।

ਇਸ ਤੋਂ ਇਲਾਵਾ ਸੁਰਤਿ, ਮਤਿ, ਮਨ ਅਤੇ ਬੁੱਧੀ ਦੀ ਘਾੜਤ ਲਈ, ਪ੍ਰਭੂ ਦੀ ਭੈ-ਭਾਵਨੀ ਅਤੀ ਜ਼ਰੂਰੀ ਹੈ।

ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਾਖਿਆ ਭਾਇ ਸਵਾਰਿ॥
ਭੈ ਤਨਿ ਅਗਨਿ ਭਖੈ ਭੈ ਨਾਲਿ॥
ਭੈ ਭਉ ਘੜੀਐ ਸਬਦਿ ਸਵਾਰਿ॥
ਭੈ ਬਿਨੁ ਘਾੜਤ ਕਚੁ ਨਿਕਚ॥
ਅੰਧਾ ਸਚਾ ਅੰਧੀ ਸਟ॥ (pMn;-151)

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥ (pMn;-645)

ਆਮ ਤੌਰ ਤੇ ਜਗਿਆਸੂ, ਪ੍ਰਭੂ ਦੀ 'ਸਰਬ-ਵਿਆਪਕਤਾ' ਤੇ 'ਅੰਤਰਜਾਮਤਾ' ਨੂੰ

ਬਹੁਤ ਘਟ, ਓਪਰਾ ਜਿਹਾ ਜਾਂ ਪੂਰੀ ਤਰ੍ਹਾਂ ਅਨੁਭਵ ਨਹੀਂ ਕਰਦੇ ਅਤੇ ਪ੍ਰਭੂ ਦੀ ਭੈ-ਭਾਵਨੀ ਵਿਚ ਨਹੀਂ ਰਹਿੰਦੇ।

ਇਸੇ ਕਰਕੇ ਇਹ ਉਪਰੀ ਜੇਹੀ ਭੈ-ਭਾਵਨੀ ਛੇਤੀ ਹੀ ਉੱਡ ਜਾਂਦੀ ਹੈ ਅਤੇ ਜਗਿਆਸੂ ਫਿਰ ਮਾਇਆ ਦੇ ਪ੍ਰਭਾਵ ਹੇਠ, ਅਣਜਾਣੇ ਹੀ ਅਨੇਕਾਂ ਨੀਵੀਂਆਂ ਰੁਚੀਆਂ ਵਿਚ ਗਲਤਾਨ ਹੋ ਜਾਂਦੇ ਹਨ।

ਪ੍ਰਭੂ ਦੀ ਸਦ-ਹਜ਼ੂਰੀ ਭੈ-ਭਾਵਨੀ ਦਾ ਅਨੁਭਵੀ ਅਹਿਸਾਸ ਬਖਸ਼ਿਆਂ ਹੋਇਆਂ ਗੁਰਮੁਖ ਪਿਆਰਿਆਂ ਦੀ ਲਗਾਤਾਰ ਸੰਗਤ ਵਿਚ ਹੀ ਹੋ ਸਕਦਾ ਹੈ।

ਇਸ ਲਈ ਸੁਰਤਿ, ਮਤਿ, ਮਨ ਅਤੇ ਬੁੱਧੀ ਦੀ ਘਾੜਤ ਲਈ 'ਭੈ-ਭਾਵਨੀ' ਵਾਲੀ ਸਾਧ ਸੰਗਤ ਰੂਪੀ 'ਸਚੀ ਟਕਸਾਲ' ਲਾਜ਼ਮੀ ਹੈ, ਕਿਉਂਕਿ ਬਖਸ਼ੇ ਹੋਏ ਗੁਰਮੁਖ ਪਿਆਰੇ ਗੁਰੂ, ਦੀ 'ਭੈ-ਭਾਵਨੀ' ਵਿਚ ਰਹਿੰਦੇ ਹਨ ਅਤੇ ਅਕਾਲ ਪੁਰਖ ਦੀ 'ਪਾਵਨ ਹਜ਼ੂਰੀ' ਦੀ 'ਚੁਪ-ਪ੍ਰੀਤ' ਦਾ ਰਸ ਮਾਣਦੇ ਹਨ।

ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ (pMn;-8)

ਸਾਧਸੰਗਤਿ ਭਉ ਭਾਉ ਸਹਜੁ ਬੈਰਾਗੁ ਹੈ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ। (ਵਾ.ਭਾ.ਗੁ. 3/13)

ਸਬਦਿ ਸੁਰਤਿ ਲਿਵਲਾਇ ਹੁਕਮੁ ਕਮਾਇਆ।
ਸਾਧਸੰਗਤਿ ਭੈ ਭਾਇ ਨਿਜ ਘਰੁ ਪਾਇਆ। (ਵਾ.ਭਾ.ਗੁ. 3/20)

ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ। ...
ਸਬਦਿ ਸੁਰਤਿ ਲਿਵਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
(ਵਾ.ਭਾ.ਗੁ. 8/24)

ਸਾਧਸੰਗਤਿ ਭੈ ਭਾਇ ਅਪਿਉ ਪੀ ਚਖਿਆ। (ਵਾ.ਭਾ.ਗੁ. 14/16)

ਸਾਧਸੰਗਤਿ ਭੈ ਭਾਇ ਵਿਚਿ
ਭਗਤਿ ਵਛਲੁ ਕਰਿ ਅਛਲੁ ਛਲਣਾ। (ਵਾ.ਭਾ.ਗੁ. 18/17)

ਪਾਰਬ੍ਰਹਮ ਪੂਰਨ ਬ੍ਰਹਮੁ ਸਤਿਗੁਰੁ ਸਾਧਸੰਗਤਿ ਵਿਚਿ ਵਸੈ।
ਸਬਦਿ ਸੁਰਤਿ ਅਰਾਧੀਐ ਭਾਇ ਭਗਤਿ ਭੈ ਸਹਜਿ ਵਿਗਸੈ।
(ਵਾ.ਭਾ.ਗੁ. 39/12)

ਹਾਂ ਜੀ, 'ਸੁਰਤਿ' ਹੀ 'ਗੁਰੂ-ਰੂਪ' 'ਤੱਤ-ਸਬਦ' ਦਾ —

ਚੇਲਾ ਹੈ
ਖੋਜੀ ਹੈ
ਵਾਹਨ ਹੈ

ਰਸੀਆ ਹੈ

ਅਤੇ 'ਸੁਰਤਿ' ਹੀ —

ਬਿਸਮਾਦੀ ਉਡਾਰੀਆਂ ਲਾਉਂਦੀ ਹੈ
ਪ੍ਰੇਮ-ਸਾਗਰ ਵਿਚ ਤਾਰੀਆਂ ਲਾਉਂਦੀ ਹੈ
ਚੁਪ-ਚੁਪੀਤੇ ਬੋਲਦੀ ਹੈ
ਚੁਪ-ਚੁਪੀਤੇ ਸੁਣਦੀ ਹੈ
ਚੁਪ-ਚੁਪੀਤੇ ਦੇਖਦੀ ਹੈ
ਚੁਪ-ਚੁਪੀਤੇ ਅਨੰਦ ਮਾਣਦੀ ਹੈ
ਚੁਪ-ਚੁਪੀਤੇ ਸਮਝਦੀ ਹੈ
ਚੁਪ-ਚੁਪੀਤੇ ਸਮਝਾਉਂਦੀ ਹੈ
ਅਦ੍ਰਿਸ਼ਟ ਹੈ
ਗੁਪਤ ਹੈ

'ਸਬਦ-ਸੁਰਤਿ' ਦਾ ਮਾਰਗ —

ਅੰਤਰਮੁਖੀ ਹੈ
ਗੁਪਤ ਹੈ
ਸੂਖਮ ਹੈ
ਬਿਸਮਾਦੀ ਹੈ
ਪ੍ਰੇਮ-ਸਰੂਪ ਹੈ
ਪ੍ਰੇਮ-ਸਵੈਪਨਾ ਵਾਲਾ ਹੈ
ਅਨੰਦ-ਮਈ ਹੈ
ਚਾਉ ਵਾਲਾ ਹੈ

ਹਾਂ ਜੀ, 'ਸਬਦ-ਸੁਰਤਿ' ਦੇ ਮੇਲ ਨਾਲ —

'ਰਾਮ-ਬੇਨ' ਵਜਦੀ ਹੈ।

ਮਧੁਰ ਮਧੁਰ ਅਨਹਦ ਧੁਨ ਸੁਣਦੀ ਹੈ।

ਅਜੱਪਾ-ਜਾਪ ਦੀ ਮੱਧਮ ਮਿੱਠੀ ਤੇ ਖਾਮੋਸ਼ ਅਬੋਲ-ਬੋਲੀ ਸੁਣਾਈ ਦਿੰਦੀ ਹੈ।

ਚੁਪ-ਪ੍ਰੀਤ ਦੀ ਬਖਸ਼ਿਸ਼ ਹੁੰਦੀ ਹੈ।

'ਗੁਰ ਸਬਦੀ ਗੋਬਿਦ ਗੱਜਦਾ' ਹੈ।

'ਅਣਮੜਿਆ ਮੰਦਲ' ਵਜਦਾ ਹੈ।

'ਬਿਨ ਸਾਵਨ, ਘਨਹਰ' ਗੱਜਦਾ ਹੈ।

'ਅੰਮ੍ਰਿਤਧਾਰ, ਝਿਮ ਝਿਮ' ਵਰਸਦੀ ਹੈ।

'ਪ੍ਰਿਮ-ਰਸ' ਦਾ ਸਵਾਦ ਅਨੁਭਵ ਹੁੰਦਾ ਹੈ।

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ' ਹੈ।

'ਨਾਮ' ਦੀ ਪ੍ਰਾਪਤੀ ਹੁੰਦੀ ਹੈ।

'ਸੁੰਨ ਸਮਾਧ' ਵਿਚ ਲੀਨਤਾ ਪ੍ਰਾਪਤ ਹੁੰਦੀ ਹੈ।

'ਚੁਪ-ਚਬੋਲੇ ਪ੍ਰਿਮ-ਪਿਆਲਾ' ਮਿਲਦਾ ਹੈ।

ਧਨਿ ਧੰਨਿ ਓ ਰਾਮ ਬੇਨੁ ਬਾਜੈ॥
ਮਧੁਰ ਮਧੁਰ ਧੁਨਿ ਅਨਹਤ ਗਾਜੈ॥ (pMn;-988)

ਆਨਦ ਮੂਲੁ ਰਾਮੁ ਸਭੁ ਦੇਖਿਆ
ਗੁਰ ਸਬਦੀ ਗੋਵਿਦੁ ਗਜਿਆ॥ (pMn;-1315)

ਅਣਮੜਿਆ ਮੰਦਲੁ ਬਾਜੈ॥
ਬਿਨੁ ਸਾਵਣ ਘਨਹਰੁ ਗਾਜੈ॥ (pMn;-657)

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ (pMn;-102)

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (pMn;-938)

ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ॥ (pMn;-1038)

ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।
(ਵਾ.ਭਾ.ਗੁ. 4/17)

ਚਲਦਾ .......